# ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ

ਗੁਰਬਾਣੀ ਅਨੁਸਾਰ ਇਨ੍ਹਾਂ ਚਾਰੇ ਤਰ੍ਹਾਂ ਦੇ ਕਰਮ-ਕਾਂਡੀਆਂ (ਨਾਦੀ ਬੇਦੀ ਸਬਦੀ ਮੋਨੀ) ਨੂੰ ਪਰਵਾਨ ਨਹੀਂ ਕੀਤਾ ਗਿਆ ਹੈ। ਜਿਸ ਤਰ੍ਹਾਂ ਪਟਵਾਰੀ ਕੋਲੋ ਜਮੀਨ ਦਾ ਪਟਾ ਲਿਖਾਇਆ ਜਾਂਦਾ ਹੈ, ਇਨ੍ਹਾਂ ਨੇ ਜਮ ਕਾ ਪਟਾ ਲਿਖਾ ਲਿਆ ਹੈ

ਬਹੁਤ ਸਾਰੇ ਪਰਚਾਰਕ ਤੇ ਲੋਕ ਵੀ ਇਨ੍ਹਾਂ ਚਾਰਾ ਦੀ ਲਪੇਟ ਵਿਚ ਆ ਗਏ ਹਨ

ਨਾਦੀ = ਅੱਜਕਲ ਦਾ ਕੀਰਤਨ ਇਕ ਨਾਦ ਦੀ ਤਰ੍ਹਾਂ ਹੀ ਹੋ ਗਿਆ, ਮਾਇਆ ਇਕੱਠੀ ਕਰਨ ਲਈ ਰਾਗ ਤੇ ਜਿਆਦਾ ਜੋਰ ਦਿਤਾ ਜਾਂਦਾ ਹੈ ਤੇ ਸਬਦ ਤੇ ਘਟ

ਕੀਰਤਨ ਤਾਂ ਹੀ ਕਿਹਾ ਜਾ ਸਕਦਾ ਹੈ, ਜੇਕਰ ਮਨ ਵਿਚੋਂ ਵਿਕਾਰਾ ਦੀ ਮੈਲ ਦੂਰ ਹੋ ਜਾਵੇ ਤੇ ਮਨ ਵਿਚ ਜਾਗਰਤੀ ਅਤੇ ਸੋਝੀ ਪੈਦਾ ਹੋਵੇ, ਜੇਕਰ ਮਨ ਰਾਗ ਵਿਚ ਹੀ ਗਵਾਚ ਗਿਆ ਤਾਂ ਉਸ ਦਾ ਕੋਈ ਲਾਭ ਨਹੀਂ

ਬੇਦੀ = ਪਹਿਲਾਂ ਲੋਕ ਵੇਦਾ ਦਾ ਪਾਠ ਕਰਦੇ ਸੀ, ਅੱਜਕਲ ਆਖੰਡ ਪਾਠ ਦਾ ਰਿਵਾਜ ਹੋ ਗਿਆ ਹੈ, ਘੱਟ ਹੀ ਕੋਈ ਬੈਠ ਕੇ ਪਾਠ ਸੁਣਦਾ ਹੈ, ਜੇਕਰ ਸੁਣਨ ਬੈਠ ਹੀ ਗਿਆ ਤਾਂ ਪਾਠ ਇਤਨੀ ਤੇਜੀ ਨਾਲ ਹੁੰਦਾ ਹੈ, ਕਿ ਸਮਝ ਆਉਂਣਾ ਬਹੁਤ ਮੁਸ਼ਕਲ ਹੈ

ਸਬਦੀ = ਗੁਰਬਾਣੀ ਅਨੁਸਾਰ ਇਕ ਸਬਦੀ, ਭਾਵ ਇਕੋ ਸ਼ਬਦ ਨੂੰ ਵਾਰ ਵਾਰ ਦੁਹਰਾਉਣ ਵਾਲਿਆਂ ਨੂੰ ਪਰਵਾਨ ਨਹੀਂ ਕੀਤਾ ਗਿਆ ਹੈ, ਭਾਵੇਂ ਵਾਹਿਗੁਰੂ ਅੱਖਰ ਹੀ ਕਿਉਂ ਨਾ ਹੋਵੇ, ਅਕਾਲ ਪੁਰਖੁ ਅੱਖਰਾਂ ਦੇ ਅਧੀਨ ਨਹੀਂ ਹੈ, ਗੁਰੂ ਸਾਹਿਬਾਂ ਨੇ ਅਕਾਲ ਪੁਰਖੁ ਦਾ ਕੋਈ ਵੀ ਇਕ ਅਖਰੀ ਨਾਂ ਨੀਯਤ ਨਹੀਂ ਕੀਤਾ

ਮੋਨੀ = ਮੋਨ ਵਰਤ ਰੱਖਣ ਨਾਲ ਮੂੰਹ ਬੰਦ ਕੀਤਾ ਜਾ ਸਕਦਾ ਹੈ, ਮਨ ਨੂੰ ਨਹੀਂ

ਇਸ ਲਈ ਅਕਾਲ ਪੁਰਖੁ ਦਾ ਨਾਮੁ ਜਪਣ ਲਈ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ, ਵੀਚਾਰਨੇ ਤੇ ਹੁਕਮੁ ਅਨੁਸਾਰ ਚਲਣਾ ਜਰੂਰੀ ਹੈ

http://www.geocities.ws/sarbjitsingh/

http://www.geocities.ws/sarbjitsingh/BookGuruGranthSahibAndNaam.pdf